# ਕਨਸਟਰੱਕਸ਼ਨ ਕਰਾਫਟ ਵਰਕਰ



## ਇਸ ਕਿੱਤੇ ਬਾਰੇ

ਕਨਸਟਰੱਕਸ਼ਨ ਕਰਾਫਟ ਵਰਕਰ ਦਾ ਟਰੇਡ ਉਨ੍ਹਾਂ ਲੋਕਾਂ ਨੂੰ ਖਿੱਚਦਾ ਹੈ ਜਿਹੜੇ ਸਰੀਰਕ ਤੌਰ `ਤੇ ਸਰਗਰਮ ਰਹਿਣ, ਬਾਹਰ ਕੰਮ ਕਰਨ ਅਤੇ ਵੱਖ ਵੱਖ ਮੈਨੂਅਲ ਅਤੇ ਪੌਵਰ ਟੂਲਜ਼ ਵਰਤਣਾ ਪਸੰਦ ਕਰਦੇ ਹਨ। ਕਨਸਟਰੱਕਸ਼ਨ ਕਰਾਫਟ ਵਰਕਰ ਬਹੁਤ ਸਾਰੀਆਂ ਵੱਖ ਵੱਖ ਇੰਡਸਟਰੀਆਂ ਵਿਚ ਕੰਮ ਕਰਦੇ ਹਨ, ਜਿਸ ਵਿਚ ਸਿਵਲ ਕਨਸਟਰੱਕਸ਼ਨ, ਸੜਕਾਂ ਬਣਾਉਣਾ, ਹਾਈਰਾਈਜ਼ ਕਨਸਟਰੱਕਸ਼ਨ, ਢਹਾਈ, ਡੈਮ ਅਤੇ ਟਨਲ ਦੀ ਕਨਸਟਰੱਕਸ਼ਨ, ਪਾਈਪਲਾਈਨਾਂ ਅਤੇ ਕਈ ਹੋਰ ਸ਼ਾਮਲ ਹਨ।

"ਮੈਂ ਆਪਣੇ ਕੰਮ ਵਿਚ ਵੰਨਗੀ ਪਸੰਦ ਕਰਦਾ ਹਾਂ। ਮੇਰੇ ਕੰਮ ਮੇਰੀ ਜੌਬ ਅਤੇ ਮੇਰੇ ਕੰਮ ਦੀ ਥਾਂ ਮੁਤਾਬਕ ਹਰ ਰੋਜ਼ ਬਦਲ ਸਕਦੇ ਹਨ।"

**$17.00-$39.00 /ਪ੍ਰਤੀ ਘੰਟਾ**

ਅਨੁਮਾਨਤ ਵਾਧਾ (ਕਨਸਟਰੱਕਸ਼ਨ ਲੇਬਰ ਫੋਰਸ) 2020 ਦੇ ਮੁਕਾਬਲੇ ਦਹਾਕੇ ਦੌਰਾਨ 10%

**BuildForce Canada*

- ✓ ਤੁਸੀਂ ਕੰਮ `ਤੇ ਵੰਨਗੀ ਲੱਭ ਰਹੇ ਹੋ।
- ✓ ਤੁਸੀਂ ਆਪਣੇ ਹੱਥਾਂ ਅਤੇ ਮਸ਼ੀਨਾਂ ਨਾਲ ਕੰਮ ਕਰਨਾ ਪਸੰਦ ਕਰਦੇ ਹੋ।
- ✓ ਤੁਸੀਂ ਉਚਾਈਆਂ `ਤੇ ਅਤੇ ਵੱਖ ਵੱਖ ਮੌਸਮਾਂ ਵਿਚ ਕੰਮ ਕਰਨ ਲਈ ਆਰਾਮਦੇਹ ਹੋ।

## ਜ਼ਿੰਮੇਵਾਰੀਆਂ

- ਕਨਸਟਰੱਕਸ਼ਨ ਲਈ ਵਰਤੀ ਜਾਣ ਵਾਲੀ ਵੱਖ ਵੱਖ ਸਾਮੱਗਰੀ ਸਾਂਭਣਾ, ਲਿਜਾਣਾ ਅਤੇ ਵੰਡਣਾ
- ਵੱਖ ਵੱਖ ਕੰਮ ਕਰਨਾ ਜਿਨ੍ਹਾਂ ਵਿਚ ਭਾਰ ਚੁੱਕਣਾ, ਸੰਦਾਂ ਨੂੰ ਲਿਜਾਣਾ ਅਤੇ ਮਸ਼ੀਨਰੀ ਦੀ ਸੰਭਾਲ ਕਰਨਾ ਸ਼ਾਮਲ ਹਨ
- ਕਨਸਟਰੱਕਸ਼ਨ ਵਾਲੀ ਥਾਂ `ਤੇ ਸਕੈਫਫੋਲਡਿੰਗ (ਪੈੜ), ਰੈਮਪਸ ਅਤੇ ਬੈਰੀਕੇਡ ਲਗਾਉਣਾ ਅਤੇ ਹਟਾਉਣਾ
- ਭਾਰੀ ਮਸ਼ੀਨਰੀ ਚਲਾਉਣ ਵਾਲਿਆਂ ਦੀ ਸਾਜ਼-ਸਾਮਾਨ ਨੂੰ ਸੁਰੱਖਿਅਤ ਕਰਨ ਅਤੇ ਚਲਾਉਣ ਨੂੰ ਸੇਧ ਦੇਣ ਵਿਚ ਮਦਦ ਕਰਨਾ
- ਗਰੇਡ ਦੇ ਵੇਰਵਿਆਂ ਮੁਤਾਬਕ ਜ਼ਮੀਨ ਨੂੰ ਪੱਧਰਾ ਕਰਨਾ
- ਬਿਲਡਿੰਗਾਂ ਨੂੰ ਢਾਹੁਣ ਵਿਚ ਮਦਦ ਕਰਨਾ
- ਕੰਕਰੀਟ ਮਿਲਾਉਣਾ, ਪਾਉਣਾ ਅਤੇ ਫੈਲਾਉਣਾ
- ਤੇਲ ਅਤੇ ਗੈਸ ਪਾਈਪਲਾਈਨ ਦੀ ਕਨਸਟਰੱਕਸ਼ਨ ਦੌਰਾਨ ਪਾਈਪਾਂ ਨੂੰ ਸੇਧ ਵਿਚ ਕਰਨ ਅਤੇ ਹੋਰ ਸਰਗਰਮੀਆਂ ਵਿਚ ਮਦਦ ਕਰਨਾ
- ਨਿਊਮੈਟਿਕ ਹੈਮਰ ਅਤੇ ਟੈਂਪਰ ਚਲਾਉਣਾ

## ਤੁਹਾਨੂੰ ਕਿਸ ਚੀਜ਼ ਦੀ ਲੋੜ ਪਵੇਗੀ

### ਦਾਖਲੇ ਦੀਆਂ ਸ਼ਰਤਾਂ

**ਹਾਈ ਸਕੂਲ (ਸਿਫਾਰਸ਼ ਕੀਤੀਆਂ ਜਾਂਦੀਆਂ ਸ਼ਰਤਾਂ):**

- ਘੱਟੋ ਘੱਟ ਗਰੇਡ 9 ਜਾਂ ਬਰਾਬਰ
- ਅੰਗਰੇਜ਼ੀ ਅਤੇ ਹਿਸਾਬ ਦੇ ਮੁਢਲੇ ਹੁਨਰ

**ਅਪਰੈਂਟਿਸਸ਼ਿਪ ਪ੍ਰੋਗਰਾਮ:**

2 ਸਾਲ, ਜਿਸ ਵਿਚ 240 ਘੰਟਿਆਂ ਦੀ ਟੈਕਨੀਕਲ ਟਰੇਨਿੰਗ, ਜੌਬ `ਤੇ ਟਰੇਨਿੰਗ ਦੇ 4,000 ਘੰਟੇ (ਘੱਟੋ ਘੱਟ) ਅਤੇ ਇਮਤਿਹਾਨ ਸ਼ਾਮਲ ਹਨ। ਕਾਮਯਾਬੀ ਨਾਲ ਸਮਾਪਤੀ ਤੋਂ ਬਾਅਦ ਜਰਨੀਪਰਸਨ ਸਰਟੀਫਿਕੇਟ ਦਿੱਤਾ ਜਾਂਦਾ ਹੈ। ਅਪਰੈਂਟਿਸ ਦੇ ਤੌਰ `ਤੇ, ਤੁਸੀਂ ਸਿੱਖਣ ਵੇਲੇ ਪੈਸੇ ਵੀ ਕਮਾਉਂਦੇ ਹੋ।

ਜਿਸ ਅਰਜ਼ੀਕਰਤਾ ਕੋਲ ਲੇਬਰਰ ਟਰੇਡ ਨਾਲ ਸੰਬੰਧਿਤ ਕੰਮ ਦਾ ਪਿਛਲਾ ਤਜਰਬਾ ਹੁੰਦਾ ਹੈ, ਉਹ ਜਰਨੀਪਰਸਨ ਇਮਤਿਹਾਨ ਨੂੰ ਚੈਲੇਂਜ ਕਰਨ ਦੇ ਯੋਗ ਵੀ ਹੋ ਸਕਦਾ ਹੈ। ਟਰੇਡ ਵਿਚ ਘੱਟੋ ਘੱਟ 6,000 ਘੰਟਿਆਂ ਦੀ ਤਸਦੀਕ ਕੰਮ-ਮਾਲਕ ਵਲੋਂ ਕੀਤੀ ਜਾਣੀ ਜ਼ਰੂਰੀ ਹੈ ਅਤੇ ਇਸ ਦੇ ਨਾਲ ਨਾਲ ਵਰਕਰ ਦੀ ਜੌਬ ਦਾ 70 ਪ੍ਰਤੀਸ਼ਤ ਸਕੋਪ ਪ੍ਰਾਪਤ ਕਰਨਾ ਜ਼ਰੂਰੀ ਹੈ।

### ਮੁੱਖ ਹੁਨਰ ਅਤੇ ਗੁਣ

(ਟੈਕਨੀਕਲ ਟਰੇਨਿੰਗ ਅਤੇ ਜੌਬ ਉੱਪਰ)

- ਗੱਲਬਾਤ ਕਰਨ, ਪੜ੍ਹਨ, ਹਿਸਾਬ ਅਤੇ ਸਮੱਸਿਆਵਾਂ ਦਾ ਹੱਲ ਕਰਨ ਦੇ ਵਧੀਆ ਹੁਨਰ
- ਸਰੀਰਕ ਮਜ਼ਬੂਤੀ
- ਸੇਫਟੀ ਬਾਰੇ ਜਾਗਰੂਕ ਵਤੀਰਾ
- ਇਕੱਲੇ ਅਤੇ ਟੀਮ ਦੇ ਹਿੱਸੇ ਵਜੋਂ ਕੰਮ ਕਰਨ ਦੀ ਸਮਰੱਥਾ
- ਡਰਾਈਵਰ ਦਾ ਯੋਗ ਲਾਇਸੰਸ ਜਾਂ ਟ੍ਰਾਂਸਪੋਰਟੇਸ਼ਨ ਨੂੰ ਕੰਮ ਦੀਆਂ ਵੱਖ ਵੱਖ ਥਾਂਵਾਂ `ਤੇ ਲਿਜਾਣ ਦੀ ਸਮਰੱਥਾ

## ਕੀ ਤੁਹਾਨੂੰ ਪਤਾ ਸੀ?

ਕਨਸਟਰੱਕਸ਼ਨ ਐਂਡ ਸਪੈਸਲਾਈਜ਼ਡ ਵਰਕਰਜ਼ ਯੂਨੀਅਨ (ਸੀ ਐੱਸ ਡਬਲਯੂ ਯੂ) ਦੇ ਬ੍ਰਿਟਿਸ਼ ਕੋਲੰਬੀਆ ਅਤੇ ਯੂਕੋਨ ਵਿਚ 8,000 ਨਾਲੋਂ ਜ਼ਿਆਦਾ ਮੈਂਬਰ ਹਨ। ਕਾਮੇ ਕਨਸਟਰੱਕਸ਼ਨ ਦੀ ਰੀੜ੍ਹ ਦੀ ਹੱਡੀ ਹਨ, ਜੋ ਕਿ ਕੰਮਾਂ ਦੀਆਂ ਥਾਂਵਾਂ ਦੇ ਨਿਰਵਿਘਨ ਚੱਲਣ ਵਿਚ ਮਦਦ ਕਰਨ ਲਈ ਕੰਮ ਕਰਦੇ ਹਨ।

College of the BC Building Trades

LiUNA! Local 1611 BC & YUKON

info@collegeofthebcbt.ca | www.collegeofthebcbt.ca